# ਵਰਲਡ ਪੰਜਾਬੀ ਟਾਈਮਜ਼

## WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 01 ਜਨਵਰੀ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਭਗਤ ਰਵਿਦਾਸ ਬਾਣੀ ਦਾ ਅਧਿਐਨ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ



ਭਗਤ ਰਵਿਦਾਸ ਜੀ ਭਗਤੀ-ਕਾਲ ਵਿੱਚ ਇੱਕ ਸ੍ਰੇਸ਼ਟ ਭਗਤ ਹੋ ਗੁਜ਼ਰੇ ਹਨ, ਜਿਨ੍ਹਾਂ ਨੇ ਅਖੌਤੀ ਨੀਵੀਂ ਜ਼ਾਤ ਵਿੱਚ ਜਨਮ ਲੈ ਕੇ ਪਰਮਾਤਮਾ ਦੀ ਭਗਤੀ ਕਰਨ ਕਰਕੇ ਸਨਮਾਨਯੋਗ ਸਥਾਨ ਪ੍ਰਾਪਤ ਕੀਤਾ। ਆਪਣੇ ਜੀਵਨ-ਕਾਲ ਵਿੱਚ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਉਨ੍ਹਾਂ ਦੀ ਰਚਨਾ ਨੂੰ ਇਕੱਤਰ ਕੀਤਾ ਅਤੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ (1604 ਈ.) ਕਰਦੇ ਸਮੇਂ ਇਸ ਰਚਨਾ ਨੂੰ ਯਥਾਯੋਗ ਸਥਾਨ ਦੇ ਕੇ ਹਮੇਸ਼ਾ ਲਈ ਅਮਰ ਕਰ ਦਿੱਤਾ। ਭਗਤ ਜੀ ਦੀ ਬਾਣੀ ਆਦਿ ਗ੍ਰੰਥ ਵਿੱਚ 16 ਰਾਗਾਂ (ਸਿਰੀ ਰਾਗ 1, ਗਉੜੀ 5, ਆਸਾ 6, ਗੂਜਰੀ 1, ਸੋਰਠਿ 7, ਧਨਾਸਰੀ 3 , ਜੈਤਸਰੀ 1, ਸੂਹੀ 3, ਬਿਲਾਵਲ 2, ਗੋਂਡ 2, ਰਾਮਕਲੀ 1, ਮਾਰੂ 2, ਕੇਦਾਰਾ 1, ਭੈਰਉ 1, ਬਸੰਤ 1, ਮਲਾਰ 3) ਅਧੀਨ ਦਰਜ ਹੈ, ਜਿਨ੍ਹਾਂ ਵਿੱਚ ਆਪ ਦੇ ਕੁੱਲ 40 ਸ਼ਬਦ ਹਨ।

ਰੀਵਿਊ ਅਧੀਨ ਪੁਸਤਕ (ਭਗਤ ਰਵਿਦਾਸ ਜੀ : ਦਰਸ਼ਨ ਤੇ ਵਿਚਾਰਧਾਰਾ; ਸੰਪਾਦਕ : ਡਾ. ਗੁਰਨਾਮ ਸਿੰਘ; ਪ੍ਰਕਾਸ਼ਕ : ਰੀਥਿੰਕ ਬੁਕਸ, ਸੰਗਰੂਰ; ਪੰਨੇ : 112; ਮੁੱਲ : 245/-) ਵਿੱਚ 11 ਵਿਦਵਾਨਾਂ ਦੇ ਲੇਖ ਦਰਜ ਹਨ, ਜਿਸ ਵਿੱਚ ਸੰਪਾਦਕ (ਡਾ. ਗੁਰਨਾਮ ਸਿੰਘ) ਤੋਂ ਬਿਨਾਂ 10 ਹੋਰ ਲੇਖਕ ਵੀ ਸ਼ਾਮਲ ਹਨ।

ਪਹਿਲੇ ਲੇਖ 'ਰਵਿਦਾਸ ਬਾਣੀ ਵਿੱਚ ਚਿੰਤਨ ਤੋਂ ਮੰਥਨ ਦਾ ਪ੍ਰਵਚਨ' (ਪੰਨੇ 10-19) ਵਿੱਚ ਡਾ. ਗੁਰਨਾਮ ਸਿੰਘ ਨੇ ਭਗਤ ਰਵਿਦਾਸ ਬਾਣੀ ਵਿੱਚੋਂ ਪ੍ਰਮਾਣ ਦੇ ਕੇ 'ਤੋਹੀ ਮੋਹੀ' (ਬ੍ਰਹਮ ਅਤੇ ਜੀਵ) ਅਤੇ ਸਰਗੁਣ ਨਿਰਗੁਣ ਦਾ ਗੰਭੀਰ ਵਿਸ਼ਲੇਸ਼ਣ ਕੀਤਾ ਹੈ। ਵਿਦਵਾਨ ਲੇਖਕ ਨੇ ਭਗਤ ਜੀ ਦੀ ਰਚਨਾ ਦਾ ਮੁਲਾਂਕਣ ਕਰਦਿਆਂ ਵੇਦਾਂਤ/ਉਪਨਿਸ਼ਦਾਂ ਦੇ ਹਵਾਲਿਆਂ ਨਾਲ ਆਪਣੇ ਮਤਿ ਦਾ ਪ੍ਰਤਿਪਾਦਨ ਕੀਤਾ ਹੈ। ਲੇਖਕ ਨੇ ਭਗਤ ਜੀ ਦੇ ਮਲਾਰ, ਸਿਰੀ, ਸੋਰਠਿ, ਆਸਾ, ਸੂਹੀ, ਜੈਤਸਰੀ ਵਿੱਚ ਸ਼ਾਮਲ ਵੱਖ ਵੱਖ ਸ਼ਬਦਾਂ ਨੂੰ ਦਾਰਸ਼ਨਿਕ ਦ੍ਰਿਸ਼ਟੀ ਤੋਂ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਪੁਸਤਕ ਦੇ ਦੂਜੇ ਨਿਬੰਧ 'ਰਵਿਦਾਸ ਬਾਣੀ ਦਾ ਪ੍ਰਵਚਨ ਅਤੇ ਸਮਕਾਲੀਨ ਸੰਦਰਭ' ਵਿੱਚ ਡਾ. ਲਖਬੀਰ ਸਿੰਘ ਨੇ ਰਵਿਦਾਸ ਬਾਣੀ ਨੂੰ ਸੁੱਤਿਆਂ ਨੂੰ ਜਗਾਉਣ ਵਾਲੀ ਅਤੇ ਜਗਾ ਕੇ ਸਿੱਧੇ ਰਾਹ ਪਾਉਣ ਵਾਲੀ ਸਿੱਧ ਕੀਤਾ ਹੈ। ਉਹਨੇ ਸਪਸ਼ਟ ਕੀਤਾ ਹੈ ਕਿ ਇਸ ਬਾਣੀ ਦੀ ਪ੍ਰਾਸੰਗਿਕਤਾ ਭਾਰਤ ਵਰਗੇ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਜਾਤੀ, ਬਹੁ-ਖੇਤਰੀ ਦੇਸ਼ ਵਿੱਚ ਤਾਂ ਹਮੇਸ਼ਾ ਬਣੀ ਹੀ ਰਹੇਗੀ, ਨਾਲ-ਨਾਲ ਇਹ ਵਿਸ਼ਵ-ਲੋਕਾਈ ਦਾ ਮਾਰਗ-ਦਰਸ਼ਨ ਕਰਨ ਦੀ ਸਮਰੱਥਾ ਵੀ ਰੱਖਦੀ ਹੈ।

ਡਾ. ਅਮਨਦੀਪ ਕੌਰ ਦਾ ਨਿਬੰਧ 'ਭਗਤ ਰਵਿਦਾਸ ਜੀ ਦੇ ਜੀਵਨ ਉੱਤੇ ਆਧਾਰਿਤ ਫਿਲਮਾਂ ਦਾ ਤੁਲਨਾਤਮਕ ਅਧਿਐਨ' ਨਵੇਂ ਪਰਿਪੇਖ ਤੋਂ ਲਿਖਿਆ ਗਿਆ ਹੈ। ਇਸ ਵਿੱਚ ਖੋਜਕਾਰ ਨੇ ਭਗਤ ਜੀ ਦੇ ਜੀਵਨ ਤੇ ਬਣੀਆਂ ਹਿੰਦੀ, ਪੰਜਾਬੀ ਫਿਲਮਾਂ ਦਾ ਤੁਲਨਾਤਮਕ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਆਲੇਖ ਵਿੱਚ ਖੋਜਕਰਤਾ ਨੇ ਪ੍ਰਿਸ਼ਟਭੂਮੀ ਵਿੱਚ ਭਗਤ ਜੀ ਦੇ ਜੀਵਨ ਤੇ ਸੰਖਿਪਤ ਝਾਤ ਪੁਆਈ ਹੈ ਅਤੇ ਨਾਲ ਨਾਲ ਖੇਤਰੀ ਫਿਲਮਾਂ ਦੇ ਮੁੱਢਲੇ ਦੌਰ, ਖਾਸ ਤੌਰ ਤੇ ਧਾਰਮਕ ਫਿਲਮਾਂ ਨੂੰ ਰੇਖਾਂਕਿਤ ਕੀਤਾ ਹੈ। ਲੇਖਕਾ ਨੇ 'ਰੱਬੀ ਨੂਰ ਗੁਰੂ ਰਵਿਦਾਸ' (ਪੰਜਾਬੀ, 2019) ਅਤੇ ਸੰਤ ਰਵਿਦਾਸ ਕੀ ਅਮਰ ਕਹਾਨੀ' (ਹਿੰਦੀ, 1983) ਨੂੰ ਆਧਾਰ ਬਣਾ ਕੇ ਭਗਤ ਜੀ ਦੇ ਜੀਵਨ ਨੂੰ ਪ੍ਰਸਤੁਤ ਕੀਤਾ ਹੈ। ਪੰਜਾਬੀ ਫਿਲਮ ਵਿੱਚ ਸਾਖੀਆਂ, ਕਰਾਮਾਤਾਂ ਨੂੰ ਆਧਾਰ ਬਣਾਇਆ ਗਿਆ ਹੈ,ਜਦਕਿ ਹਿੰਦੀ ਫਿਲਮ ਦਾ ਕਥਾਨਕ ਭਗਤ ਜੀ ਅਤੇ ਉਨ੍ਹਾਂ ਦੀ ਪਤਨੀ ਦੇ ਆਲੇ-ਦੁਆਲੇ ਘੁੰਮਦਾ ਹੈ। ਫਿਲਮਾਂ ਵਿੱਚ ਕਲਪਨਾ ਦੇ ਅੰਸ਼ ਹੋਣ ਕਰਕੇ ਕਿਤੇ ਕਿਤੇ ਇਹ ਗੈਰ-ਯਥਾਰਥਕ ਵੀ ਲੱਗਦੀਆਂ ਹਨ। ਲੇਖਕਾ ਦਾ ਮਤਿ ਹੈ ਕਿ ਫਿਲਮ ਦੇ ਮਾਧਿਅਮ ਰਾਹੀਂ ਭਗਤ ਜੀ ਦਾ ਹਿੰਦੂਕਰਨ ਕੀਤਾ ਗਿਆ ਹੈ, ਜਦਕਿ ਕੋਈ ਵੀ ਸੰਤ, ਪੀਰ, ਗੁਰੂ ਸਿਰਫ ਮਾਨਵਵਾਦੀ ਹੁੰਦੇ ਹਨ, ਕਿਸੇ ਧਰਮ ਵਿਸ਼ੇਸ਼ ਦੇ ਨਹੀਂ।

ਡਾ. ਸੰਦੀਪ ਰਾਣਾ ਨੇ ਆਪਣੇ ਨਿਬੰਧ 'ਗੁਰੂ ਰਵਿਦਾਸ ਬਾਣੀ ਵਿੱਚ ਨੈਤਿਕ ਕਦਰਾਂ ਕੀਮਤਾਂ' ਵਿੱਚ ਭਗਤ ਜੀ ਨੂੰ ਵਧੇਰੇ ਕਰਕੇ 'ਗੁਰੂ' ਕਹਿ ਕੇ ਸੰਬੋਧਿਤ ਕੀਤਾ ਹੈ। ਇਸ ਆਲੇਖ ਵਿੱਚ ਲੇਖਕਾ ਨੇ ਭਗਤ ਜੀ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੇ ਨਾਲ ਨਾਲ ਪਦਿਆਂ, ਸਾਖੀ ਭਾਗ, ਸਲੋਕਾਂ ਆਦਿ ਨੂੰ ਵੀ ਉਧ੍ਰਿਤ ਕੀਤਾ ਹੈ। ਪਰ ਇਨ੍ਹਾਂ ਦੇ ਸਰੋਤ ਬਾਰੇ ਕਿਧਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਅਧਿਐਨ ਦਾ ਨਿਸ਼ਕਰਸ਼ ਇਹ ਕੱਢਿਆ ਹੈ ਕਿ ਭਗਤ ਜੀ ਨੇ ਉਸ ਸਮੇਂ ਦੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ, ਅਨੈਤਿਕਤਾ, ਬੁਰਾਈਆਂ ਆਦਿ ਨੂੰ ਦੂਰ ਕਰਨ ਲਈ ਸਿਰਜਣਾਤਮਕ ਯੋਗਦਾਨ ਪਾਇਆ। ਲੇਖਕਾ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਭਗਤ ਜੀ ਦੀ ਬਾਣੀ ਅੱਜ ਵੀ ਉਨੀ ਹੀ ਸਾਰਥਕ ਹੈ।

ਪੰਜਵੇਂ ਨਿਬੰਧ ਵਿੱਚ ਡਾ. ਮਨਪ੍ਰੀਤ ਬਾਵਾ ਨੇ ਭਗਤ ਜੀ ਦੀ ਬਾਣੀ ਦਾ ਦਲਿਤ ਚੇਤਨਾ ਦੇ ਪ੍ਰਸੰਗ ਵਿੱਚ ਅਧਿਐਨ ਕੀਤਾ ਹੈ। ਇਸ ਲੇਖ ਵਿੱਚ ਖੋਜਕਰਤਾ ਨੇ ਇੱਕ ਥਾਂ ਲਿਖਿਆ ਹੈ- "ਭਗਤ ਰਵਿਦਾਸ ਜੀ ਨੇ ਆਪਣੀ ਅਖਾਉਤੀ ਬਾਣੀ ਵਿੱਚ..." (ਪੰਨਾ 54)। ਮੈਨੂੰ ਜਾਪਦਾ ਹੈ ਕਿ ਇੱਥੇ 'ਅਖਾਉਤੀ' ਸ਼ਬਦ ਗਲਤੀ ਨਾਲ ਲਿਖਿਆ ਗਿਆ ਹੈ, ਕਿਉਂਕਿ ਭਗਤ ਜੀ ਦੀ ਬਾਣੀ 'ਅਖਾਉਤੀ' ਨਾ ਹੋ ਕੇ ਵਾਸਤਵਿਕ ਹੈ। ਖੋਜਕਾਰ ਨੇ ਦਲਿਤ ਅਤੇ ਦਲਿਤ ਚੇਤਨਾ ਦੇ ਅਰਥਾਂ ਨੂੰ ਵੀ ਸਪਸ਼ਟ ਨਹੀਂ ਕੀਤਾ। ਇਸ ਨਿਬੰਧ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਹਵਾਲਿਆਂ ਤੋਂ ਬਿਨਾਂ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਰਚਿਤ ਪੁਸਤਕ 'ਰਵਿਦਾਸ ਦਰਸ਼ਨ' ਵਿੱਚੋਂ ਵੀ ਪ੍ਰਮਾਣ ਦੇ ਕੇ ਆਪਣੀ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

'ਰਵਿਦਾਸ ਬਾਣੀ ਦੀ ਭਾਸ਼ਾਈ ਵੰਨ ਸੁਵੰਨਤਾ' ਡਾ. ਹਰਿਸਿਮਰਨ ਸਿੰਘ ਦਾ ਲਿਖਿਆ ਹੋਇਆ ਹੈ। ਖੋਜਕਰਤਾ ਨੇ ਸਪਸ਼ਟ ਕੀਤਾ ਹੈ ਕਿ ਭਗਤ ਜੀ ਦੀ ਬਾਣੀ ਵਿੱਚ ਅਰਬੀ, ਫ਼ਾਰਸੀ, ਉਰਦੂ, ਸੰਸਕ੍ਰਿਤ, ਪੰਜਾਬੀ, ਮਰਾਠੀ, ਰਾਜਸਥਾਨੀ, ਭੋਜਪੁਰੀ, ਅਵਧੀ ਤੇ ਖੜੀ ਬੋਲੀ ਦੇ ਸ਼ਬਦ ਤਤਸਮ ਤੇ ਤਦਭਵ ਦੋਹਾਂ ਰੂਪਾਂ ਵਿੱਚ ਮਿਲਦੇ ਹਨ। ਲੇਖਕ ਨੇ ਹਵਾਲੇ ਅਤੇ ਟਿੱਪਣੀਆਂ ਦੇ ਨਾਲ ਨਾਲ ਪੁਸਤਕ ਸੂਚੀ ਦੇ ਕੇ ਆਪਣੇ ਪਰਚੇ ਨੂੰ ਪੂਰਨ ਤੌਰ ਤੇ ਖੋਜ-ਨਿਯਮਾਂ ਮੁਤਾਬਕ ਲਿਖਿਆ ਹੈ। ਲੇਖਕ ਦੀ ਚਰਚਾ ਦਾ ਸਾਰਾਂਸ਼ ਇਹ ਹੈ ਕਿ ਭਗਤ ਜੀ ਨੇ ਆਪਣੇ ਸਿੱਧਾਂਤ ਨੂੰ ਪ੍ਰਚਾਰਨ ਤੇ ਪ੍ਰਸਾਰਨ ਹਿਤ ਤਤਕਾਲੀ ਪ੍ਰਚੱਲਿਤ ਭਾਰਤੀ ਤੇ ਵਿਦੇਸ਼ੀ ਸ਼ਬਦਾਵਲੀ ਨੂੰ ਮਿਸ਼ਰਿਤ ਰੂਪ ਵਿੱਚ ਵਰਤਿਆ ਹੈ। ਖੋਜਕਰਤਾ ਮੁਤਾਬਕ ਇਹ ਭਾਸ਼ਾਈ ਮਿਸ਼ਰਣ ਹੀ ਭਗਤ ਜੀ ਦੇ ਕਾਵਿ-ਕੌਸ਼ਲ ਦਾ ਉਤਕ੍ਰਿਸ਼ਟ ਦਰਪਣ ਹੈ।

ਡਾ. ਜਸਵਿੰਦਰ ਸਿੰਘ ਨੇ ਸੀਐੱਲ ਨਾਰੰਗ ਦੁਆਰਾ ਲਿਖੇ ਕਾਵਿ-ਨਾਟਕ 'ਗੁਰੂ ਰਵਿਦਾਸ' ਨੂੰ ਸਮਕਾਲੀ ਸਮਾਜ ਦੇ ਚਿੱਤਰਣ ਵਜੋਂ ਆਧਾਰ ਬਣਾਇਆ ਹੈ। ਇਸ ਕਾਵਿ-ਨਾਟਕ ਵਿੱਚ ਭਗਤ ਜੀ ਦੇ ਜਨਮ ਤੋਂ ਲੈ ਕੇ ਵਿਜੇ ਰੱਥ ਨੂੰ ਗੱਦੀ ਦੇਣ ਤੱਕ ਦੀਆਂ ਘਟਨਾਵਾਂ ਦੀ ਪੇਸ਼ਕਾਰੀ ਹੋਈ ਹੈ। ਖੋਜਕਾਰ ਨੇ ਨਾਟਕ ਵਿੱਚ ਪ੍ਰਸਤੁਤ ਭਗਤ ਜੀ ਦੇ ਸਮੇਂ ਦੇ ਸਮਾਜਕ ਹਾਲਾਤ, ਵਿਦਿਅਕ ਢਾਂਚਾ, ਔਰਤ ਦੀ ਸਥਿਤੀ, ਧਾਰਮਕ ਹਾਲਾਤ, ਰਾਜਨੀਤਕ ਹਾਲਾਤ ਆਦਿ ਦਾ ਨਿਕਟਤਮ ਅਵਲੋਕਨ ਕੀਤਾ ਹੈ। ਖੋਜਕਰਤਾ ਨੇ ਕਿਉਂਕਿ ਆਪਣਾ ਪੀਐਚਡੀ ਦਾ ਖੋਜਕਾਰਜ ਪੰਜਾਬੀ ਕਾਵਿ-ਨਾਟਕ ਤੇ ਕੀਤਾ ਹੈ, ਇਸਲਈ ਉਹਨੂੰ ਇਸ ਵਿਸ਼ੇ ਤੇ ਡੂੰਘੀ ਪਕੜ ਹੈ। ਖੋਜਕਰਤਾ ਨੇ ਸਪਸ਼ਟ ਕੀਤਾ ਹੈ ਕਿ ਇਸ ਕਾਵਿ-ਨਾਟਕ ਵਿੱਚ ਭਗਤ ਜੀ ਦੇ ਸਮਕਾਲੀ ਸਮੇਂ ਦਾ ਹਰ ਪੱਖੋਂ ਬਿਹਤਰ ਚਿੱਤਰਣ ਮਿਲਦਾ ਹੈ।

ਅੱਠਵਾਂ ਨਿਬੰਧ ਰਵਿਦਾਸ ਬਾਣੀ ਦੇ ਮਨੋਵਿਗਿਆਨਕ ਵਿਸ਼ਲੇਸ਼ਣ ਵੱਲ ਰੁਚਿਤ ਹੈ। ਖੋਜਕਰਤਾ ਸਤਵਿੰਦਰ ਕੌਰ ਨੇ ਸਪਸ਼ਟ ਕੀਤਾ ਹੈ ਕਿ ਮਨੋਵਿਗਿਆਨ ਇੱਕ ਕ੍ਰਿਆਤਮਕ ਵਿਸ਼ਾ ਹੈ, ਜਿਸ ਵਿੱਚ ਧਿਆਨ, ਯਾਦ, ਚਿੰਤਨ, ਭੁੱਲਣਾ, ਸਿੱਖਣਾ, ਕਲਪਨਾ ਕਰਨਾ ਆਦਿ ਕ੍ਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਆਪਣੇ ਨਿਬੰਧ ਵਿੱਚ ਲੇਖਕਾ ਨੇ ਨਿਸ਼ਕਰਸ਼ ਸਥਾਪਤ ਕੀਤਾ ਹੈ ਕਿ ਭਗਤ ਜੀ ਦੀ ਬਾਣੀ ਰਾਹੀਂ ਉਨ੍ਹਾਂ ਦੀ ਸਹਿਜ ਅਵਸਥਾ ਤੋਂ ਜਾਣੂ ਹੋਇਆ ਜਾ ਸਕਦਾ ਹੈ। ਉਨ੍ਹਾਂ ਦੀ ਜਾਗਰੂਕ ਅਵਸਥਾ ਭਾਵ ਹਰੇਕ ਸਥਿਤੀ ਵਿੱਚ ਚੇਤੰਨ ਹੋਣਾ ਅਤੇ ਆਪਣੀ ਅਖੌਤੀ ਨੀਵੀਂ ਜ਼ਾਤ ਨੂੰ ਮਾਣ ਨਾਲ ਸਵੀਕਾਰ ਕਰਨਾ, ਕਿਤੇ ਵੀ ਦਲਿਤ ਹੋਣ ਦੀ ਹੀਣ ਭਾਵਨਾ ਪੈਦਾ ਨਾ ਹੋਣ ਦੇਣਾ ਹੀ ਉਨ੍ਹਾਂ ਦੀ ਬਾਣੀ ਵਿੱਚ ਮਨੋਵਿਗਿਆਨਕ ਅੰਸ਼ਾਂ ਨੂੰ ਪ੍ਰਗਟ ਕਰਦਾ ਹੈ। ਇਸ ਲਿਖਤ ਵਿੱਚ ਲੇਖਕਾ ਨੇ 'ਐਵੋਲੂਸ਼ਨ ਆਫ਼ ਇੰਡੀਅਨ ਕਲਚਰ' ਪੁਸਤਕ ਦਾ ਹਵਾਲਾ ਦਿੱਤਾ ਹੈ, ਪਰ ਇਹਦੇ ਲੇਖਕ/ਪ੍ਰਕਾਸ਼ਨ ਬਾਰੇ ਜਾਣਕਾਰੀ ਨਹੀਂ ਦਿੱਤੀ।

ਦੀਦਾਰ ਸਿੰਘ ਨੇ ਭਗਤ ਰਵਿਦਾਸ ਦੀ ਆਤਮਕ ਅਵਸਥਾ ਦੇ ਵਿਭਿੰਨ ਪੱਖਾਂ ਨੂੰ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਦੱਸਦਾ ਹੈ ਕਿ ਭਗਤ ਜੀ ਨੇ ਆਪਣੀ ਘਰੇਲੂ ਤੇ ਸਮਾਜਕ ਜ਼ਿੰਦਗੀ ਬਾਰੇ ਪਰਮਾਤਮਾ ਨੂੰ ਅਵਗਤ ਕਰਵਾਇਆ। ਉਨ੍ਹਾਂ ਦੀ ਬਾਣੀ ਵਿੱਚ ਗੁਰੂ ਦੇ ਗਿਆਨ ਤੇ ਅੰਤਰੀਵੀ ਸੂਝ ਨਾਲ ਸੱਚੀ ਭਗਤੀ ਵੱਲ ਕੇਂਦਰਿਤ ਹੋਣ ਅਤੇ ਡਰ, ਚਿੰਤਾ, ਗ਼ਮ, ਪੰਜ ਵਿਕਾਰਾਂ ਤੋਂ ਮੁਕਤ ਹੋਣ ਦਾ ਵੇਰਵਾ ਮਿਲਦਾ ਹੈ। ਲੇਖਕ ਨੇ ਇਹ ਵੀ ਦ੍ਰਿੜ ਕਰਵਾਇਆ ਹੈ ਕਿ ਅਜਿਹੀਆਂ ਅਵਸਥਾਵਾਂ ਨੂੰ ਇੱਕ-ਦੂਜੇ ਤੋਂ ਨਿਖੇੜਨਾ ਮੁਸ਼ਕਿਲ ਕਾਰਜ ਹੈ।

'ਰਵਿਦਾਸ ਬਾਣੀ ਦਾ ਪਾਰਗਾਮੀ ਅਨੁਭਵ' ਦਾ ਕਰਤਾ ਬਲਰਾਜ ਸਿੰਘ ਕੋਕਰੀ ਹੈ। ਲੇਖਕ ਨੇ ਪਾਰਗਾਮੀ ਦੇ ਸ਼ਾਬਦਿਕ ਅਰਥਾਂ ਨੂੰ ਵਿਸਤਾਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਉਹ ਅਨੁਭਵ ਹੈ ਜਿਸ ਵਿੱਚ ਅਧਿਆਤਮਕ, ਗ਼ੈਰ-ਭੌਤਿਕ, ਧਾਰਮਕ ਪਹਿਲੂ ਸ਼ਾਮਲ ਹੋ ਸਕਦੇ ਹਨ ਜੋ ਦੈਨਿਕ ਜੀਵਨ ਤੋਂ ਪਾਰ ਸਮਝੇ ਜਾਂਦੇ ਹਨ। ਪਾਰਗਾਮੀ ਅਨੁਭਵ ਬ੍ਰਹਮ ਜਾਂ ਪਰਮ-ਪੁਰਖ ਨਾਲ ਡੂੰਘੇ ਸੰਬੰਧ ਹੁੰਦੇ ਹਨ। ਲੇਖਕ ਨੇ ਸਪਸ਼ਟ ਕੀਤਾ ਹੈ ਕਿ ਭਗਤ ਜੀ ਦੀ ਬਾਣੀ ਵਿੱਚ ਪਾਰਗਾਮੀ/ਅਗੰਮੀ ਅਨੁਭਵਾਂ ਨੂੰ ਭਾਵਨਾਤਮਕ ਪ੍ਰਤੀਕ੍ਰਿਆਵਾਂ ਦੁਆਰਾ ਦਰਸਾਇਆ ਗਿਆ ਹੈ।

ਪੁਸਤਕ ਦਾ ਅੰਤਿਮ ਨਿਬੰਧ ਭਗਤ ਰਵਿਦਾਸ ਦੀ ਬਾਣੀ ਵਿੱਚ ਮਾਇਆ ਦੇ ਸੰਕਲਪ ਬਾਰੇ ਹੈ। ਲੇਖਕਾ ਤਰਨਦੀਪ ਕੌਰ ਮੁਤਾਬਕ ਮਾਇਆ ਦੇ ਵਿਭਿੰਨ ਰੂਪਾਂ ਵਿੱਚ ਧਨ ਦੌਲਤ, ਜ਼ਮੀਨ ਜਾਇਦਾਦ, ਘਰ ਪਰਿਵਾਰ, ਪਦਾਰਥ ਤੇ ਦੁਨੀਆਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਲੇਖਕਾ ਨੇ ਆਪਣੇ ਨਿਬੰਧ ਵਿੱਚ ਮਾਇਆ ਦੀ ਪਰਿਭਾਸ਼ਾ, ਭਾਰਤੀ ਸੰਸਕ੍ਰਿਤੀ ਤੇ ਗੁਰਬਾਣੀ ਵਿੱਚ ਮਾਇਆ ਦੇ ਬਿੰਬ ਅਤੇ ਫਿਰ ਭਗਤ ਜੀ ਦੀ ਬਾਣੀ ਵਿੱਚ ਮਾਇਆ ਦੇ ਸੰਕਲਪ ਨੂੰ ਸੌਖੇ ਢੰਗ ਨਾਲ ਸਮਝਾਇਆ ਹੈ। ਲੇਖਕਾ ਨੇ ਸਿੱਟਾ ਕੱਢਿਆ ਹੈ ਕਿ ਮਾਇਆ ਸਾਰੇ ਦੁਖਾਂ ਦਾ ਕਾਰਨ ਹੈ ਤੇ ਭਗਤ ਰਵਿਦਾਸ ਜੀ ਨੇ ਇਸਤੋਂ ਬਚਣ ਲਈ ਪਰਮਾਤਮਾ ਦੀ ਬੰਦਗੀ ਕਰਨ ਦਾ ਰਾਹ ਸੁਝਾਇਆ ਹੈ।

ਇਸ ਤਰ੍ਹਾਂ ਡਾ. ਗੁਰਨਾਮ ਸਿੰਘ ਦੀ ਸੁਚੱਜੀ ਸੰਪਾਦਨਾ ਵਾਲੀ ਇਹ ਪੁਸਤਕ ਭਗਤ ਰਵਿਦਾਸ ਜੀ ਦੇ ਦਰਸ਼ਨ ਤੇ ਵਿਚਾਰਧਾਰਾ ਨੂੰ ਸਮਝਣ ਤੇ ਸਮਝਾਉਣ ਦਾ ਉਤਕ੍ਰਿਸ਼ਟ ਉਪਰਾਲਾ ਹੈ। ਇਸ ਵਿੱਚ ਸ਼ਾਮਲ ਸਾਰੇ ਹੀ ਖੋਜਕਰਤਾਵਾਂ ਨੇ ਵੱਖੋ ਵੱਖਰੀ ਦ੍ਰਿਸ਼ਟੀ ਤੋਂ ਭਗਤ ਜੀ ਦੀ ਬਾਣੀ ਨੂੰ ਅਧਿਐਨ ਦਾ ਕੇਂਦਰ ਬਣਾਇਆ ਹੈ। ਲੇਖਕਾਂ ਬਾਰੇ ਜਾਣਕਾਰੀ ਬਹੁਤ ਸੰਖਿਪਤ ਦਿੱਤੀ ਗਈ ਹੈ। ਮੇਰੀ ਜਾਚੇ, ਇੱਥੇ ਪਰਿਸ਼ਿਸ਼ਟ/ਅੰਤਿਕਾ ਵਜੋਂ ਲੇਖਕਾਂ ਦੇ ਪਰਿਚੈ ਵਾਲੇ ਭਾਗ ਵਿੱਚ ਉਹਦੇ ਕਾਰਜ ਖੇਤਰ/ਕਾਰਜ ਸਥਾਨ ਬਾਰੇ ਵੀ ਦੱਸ ਦਿੱਤਾ ਜਾਂਦਾ, ਤਾਂ ਚੰਗੇਰਾ ਹੋਣਾ ਸੀ। ਮਾਮੂਲੀ ਸ਼ਾਬਦਿਕ ਤਰੁਟੀਆਂ ਦੇ ਬਾਵਜੂਦ ਪੁਸਤਕ ਆਪਣੇ ਆਕਰਸ਼ਕ ਸਰਵਰਕ ਪੱਖੋਂ ਪ੍ਰਭਾਵਿਤ ਕਰਦੀ ਹੈ। ਸਾਲ 2025 ਵਿੱਚ ਪ੍ਰਕਾਸ਼ਿਤ ਇਸ ਕਿਤਾਬ ਦਾ ਮੈਂ ਖ਼ੈਰ-ਮਕਦਮ ਕਰਦਾ ਹਾਂ।

## ਨਵਾਂ ਸਾਲ – ਨਵੇਂ ਸੰਕਲਪ




ਚੜ੍ਹਿਆ ਹੈ ਅੱਜ ਸਾਲ ਨਵਾਂ,
ਜੋ ਦੋ ਹਜ਼ਾਰ ਤੇ ਪੱਚੀ।
ਚੌਵੀ ਨੇ ਇਤਿਹਾਸ 'ਚ ਜਾਣਾ,
ਗੱਲ ਹੈ ਬਿਲਕੁਲ ਸੱਚੀ।

ਨਵੇਂ ਸਾਲ ਦੇ ਵਿੱਚ ਅਸਾਂ ਨੇ,
ਨਵੇਂ ਸੰਕਲਪ ਬਣਾਉਣੇ।
ਸਰ ਕਰ ਲੈਣਾ ਮੰਜ਼ਿਲ ਨੂੰ,
ਤੇ ਬੁਰਜ ਬਦੀ ਦੇ ਢਾਹੁਣੇ।

ਸਹਿਜ ਨਿਰੰਤਰ ਤੋਰ ਨੂੰ ਆਪਾਂ,
ਜੀਵਨ-ਲਕਸ਼ ਬਣਾਈਏ।
ਵਿੱਚ-ਵਿਚਾਲੇ ਰੁਕੀਏ ਨਾ,
ਅੱਗੇ ਨੂੰ ਵਧਦੇ ਜਾਈਏ।

ਸੱਚ ਦਾ ਰਸਤਾ ਔਖਾ ਭਾਵੇਂ,
ਪਰ ਹੁੰਦਾ ਹੈ ਚੰਗਾ।
ਸਿਦਕ-ਈਮਾਨ ਦਾ ਪੱਕਾ ਹੋਵੇ,
ਉਹ ਹੈ ਅਸਲੀ ਬੰਦਾ।

ਕੁਦਰਤ ਦਾ ਸੰਤੁਲਨ ਬਚਾਈਏ,
ਧਰਤੀ-ਪੌਣ ਤੇ ਪਾਣੀ।
ਨੇਕੀ ਤੇ ਹਮਦਰਦੀ ਰੱਖੀਏ,
ਜੱਗ ਵਿੱਚ ਰਹੂ ਕਹਾਣੀ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

## ਨਵੇਂ ਵਰ੍ਹੇ ਦਿਆ ਸੂਰਜਾ

ਨਵੇਂ ਵਰ੍ਹੇ ਦਿਆ ਸੂਰਜਾ, ਲੈ ਆ ਕੋਈ ਨਵੀਂ ਸਵੇਰ,

ਖ਼ੁਸ਼ੀਆਂ ਖੇੜੇ ਵੰਡ ਦੀ, ਕੋਈ ਐਸੀ ਕਿਰਨ ਬਿਖੇਰ,



ਦੋਸਤੋ! ਆਓ ਨਵੇਂ ਸਾਲ ਤੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰੀਏ। ਬੀਤੇ ਦੀਆਂ ਗਲਤੀਆਂ ਪਾਸੇ ਧਰ ਕੇ, ਨਵੇਂ ਕਸੀਦੇ ਪੜ੍ਹੀਏ, ਸਿਆਣੇ ਕਹਿੰਦੇ ਹਨ ਕਿ ਅਸਲ ਮਨੁੱਖ ਉਹੀ ਹੈ ਜੋ ਆਪਣੀਆਂ ਗਲਤੀਆਂ ਤੋਂ ਸਬਕ ਸਿੱਖ ਕੇ ਅੱਗੇ ਵਧਦਾ ਹੈ। ਦੁਨੀਆਂ ਦਾ ਇਹ ਦਸਤੂਰ ਹੈ ਕਿ ਲੋਕ ਚੜ੍ਹਦੇ ਸੂਰਜ ਨੂੰ ਹੀ ਸਲਾਮ ਕਰਦੀ ਹੈ। ਤੁਸੀਂ ਸਾਡੇ ਆਉਣ ਵਾਲੇ ਭਵਿੱਖ ਦੇ ਉਹ ਚੜ੍ਹਦੇ ਸੂਰਜ ਹੋ ਜਿਨ੍ਹਾਂ ਨੇ ਆਪਣੀ ਮਿਹਨਤ,ਲਗਨ, ਭਰੋਸੇ ਦੇ ਨਾਲ਼ ਇਸ ਦੇਸ਼ ਦਾ ਭਵਿੱਖ ਨੂੰ ਰੁਸ਼ਨਾਉਣਾ ਹੈ। ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇਕਰ ਅਸੀਂ ਆਪਣੇ ਮਨਾਂ ਵਿੱਚੋਂ ਦੂਈ ਦਵੇਸ਼,ਈਰਖਾ,ਸਾੜਾ ਕਿਸੇ ਤਰੱਕੀ ਨੂੰ ਦੇਖ ਕੇ ਸੜਨ ਨਾਲ਼ੋਂ ਸਗੋਂ ਉਸ ਦੀ ਰੀਸ ਕਰਨ ਦੀ ਕੋਸ਼ਿਸ਼ ਕਰੀਏ।

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਦੁੱਖ ਕਲੇਸ਼ ਨੂੰ ਦੂਰ ਭਜਾ ਕੇ, ਕਰੀਏ ਸੁਰਖ਼ ਸਵੇਰਿਆਂ ਨੂੰ,

ਆਓ ਹਿੰਮਤਾਂ ਵਾਲ਼ਿਓ, ਆਪਾਂ ਹਿੰਮਤਾਂ ਦੇਈਏ ਹਾਰਿਆਂ ਨੂੰ,

ਉਂਝ ਤਾਂ ਨਵਾਂ ਵਰ੍ਹਾ ਹਰ ਸਾਲ ਹੀ ਆਉਂਦਾ ਹੈ ਤੇ ਚਲਾ ਜਾਂਦਾ ਹੈ। ਅਸੀਂ ਉਸ ਦਿਨ ਵਧਾਈਆਂ ਦੇ ਕਾਰਡ, ਸ਼ੁੱਭ ਕਾਮਨਾਵਾਂ ਭੇਜਣ ਦੀ ਕੋਈ ਕਸਰ ਨਹੀਂ ਛੱਡਦੇ। ਪਰ ਅਸਲ ਦੇ ਵਿੱਚ ਬਦਲਿਆ ਕੁਝ ਵੀ ਨਹੀਂ ਹੁੰਦਾ,ਜੇ ਕੁਝ ਬਦਲਿਆ ਹੁੰਦਾ ਹੈ ਤਾਂ ਕੰਧਾਂ ਉੱਪਰ ਟੰਗੇ ਕੈਲੰਡਰ ਅਤੇ ਤਾਰੀਖ਼ਾਂ।ਅਸਲ ਵਿੱਚ ਲੋੜ ਹੈ ਸਾਨੂੰ ਆਪਣੇ ਅੰਦਰ ਦੀਆਂ ਬੁਰਾਈਆਂ ਨੂੰ ਬਦਲਣ ਦੀ, ਕੁਝ ਨਵੀਆਂ ਪਹਿਲ ਕਦਮੀਆਂ ਕਰਕੇ ਸਮਾਜ ਵਿੱਚ ਕੁਝ ਚੰਗਾ ਅਤੇ ਨਵਾਂ ਕਰਨ ਦੀ।ਜਿਸ ਨਾਲ਼ ਸਮਾਜ ਵਿੱਚ ਅਮਨ ਅਤੇ ਸ਼ਾਂਤੀ, ਭਾਈਚਾਰਕ, ਸਮਾਜਿਕ,ਮੋਹ ਮੁਹੱਬਤ, ਏਕੇ ਦੀ ਆਪਸੀ ਸਾਂਝ ਬਣੀ ਰਹੇ।

ਖ਼ੁਸ਼ਾਮਦੀਦ ਆ ਪ੍ਰਿੰਸ ਆਖੀਏ, ਹੱਸਦੇ ਵੱਸਦੇ ਵਿਹੜਿਆਂ ਨੂੰ

ਦਿਲੋਂ ਗੁਆਕੇ ਖ਼ਾਰ ਕੁੜੱਤਣ, ਰੌਸ਼ਨ ਕਰੀਂ ਹਨੇਰਿਆਂ ਨੂੰ,

## ਇਸ ਸਾਲ




ਨਾ ਪੈਸੇ ਪਾਣੀ ਵਾਂਗ ਵਹਾਉਣੇ,
ਪਿੱਛੇ ਲੱਗ ਨਾ ਕੱਪੜੇ ਪੜ੍ਹਵਾਉਣੇ,
ਨਵੇਂ ਸਾਲ ਸਾਦੇ ਜਸ਼ਨ ਮਨਾਉਣੇ,
ਸਭ ਵੰਡਕੇ ਆਪਾਂ ਖਾਮਾਂਗੇ,
ਇਸ ਸਾਲ ਤਾਂ ਮਾਪਿਆਂ ਨੂੰ,
ਕੁਝ ਆਪਾਂ ਕਰਕੇ ਦਿਖਾਮਾਂਗੇ|


ਛੱਡੀਏ ਆਪਾਂ ਮੋੜਾਂ ਤੇ ਖੜ੍ਹਨਾਂ,
ਛੋਟੀ-ਛੋਟੀ ਗੱਲ ਉੱਤੇ ਲੜਨਾ,
ਅਧਿਆਪਕ ਤਾਂ ਰੱਬ ਵਾਂਗੂ ਪੂਜਣੇ,
ਜਿੱਥੇ ਮਿਲੇ ਗੋਡੀਂ ਹੱਥ ਲਾਮਾਂਗੇ,
ਇਸ ਸਾਲ ਤਾਂ ਮਾਪਿਆਂ ਨੂੰ,
ਕੁਝ ਆਪਾਂ ਕਰਕੇ ਦਿਖਾਮਾਂਗੇ|

ਨਾ ਕਿਸੇ ਨਾਲ ਠੱਗੀ ਠੋਰੀ,
ਮੂੰਹ ਤੇ ਗੱਲ ਕਹੀਏ ਕੋਰੀ,
ਜ਼ਹਿਰ ਭਾਮੇਂ ਖਾਣਾ ਪੇਜੇ,
ਨਾ ਖਾਰ ਆਪਾਂ ਖਾਮਾਂਗੇ,
ਇਸ ਸਾਲ ਤਾਂ ਮਾਪਿਆਂ ਨੂੰ,
ਕੁੱਝ ਆਪਾਂ ਕਰਕੇ ਦਿਖਾਮਾਂਗੇ|

ਵਰਲਡ ਪੰਜਾਬੀ ਟਾਈਮਜ਼
ਚੇਤਨ ਬਿਰਧਨੋ

## ਸਾਲ 2025 ਸਾਡੇ ਸਾਰਿਆਂ ਲਈ ਖ਼ੁਸ਼ੀਆਂ ਭਰਿਆ , ਸਿਹਤ, ਸਿੱਖਿਆ , ਤਰੱਕੀ ਅਤੇ ਹਰ ਪਾਸੋ ਵਿਕਾਸ ਭਰਪੂਰ ਹੋਵੇ।

ਵਰਲਡ ਪੰਜਾਬੀ ਟਾਈਮਜ਼
ਸੰਦੀਪ ਕੰਬੋਜ




ਅਸੀਂ ਹਰ ਵਾਰ ਜਦੋਂ ਨਵਾਂ ਸਾਲ ਚੜਦਾ ਹੈ ਤਾਂ ਇਸ ਆਸ ਨਾਲ ਬਹੁਤ ਖ਼ੁਸ਼ੀਆਂ ਮਨਾਉਂਦੇ ਹਾਂ ਕਿ ਇਹ ਨਵਾਂ ਸਾਲ ਸਾਡੇ ਲਈ ਬਹੁਤ ਖ਼ੁਸ਼ੀਆਂ ਭਰਿਆ ਹੋਵੇਗਾ । ਨਵਾਂ ਵਰ੍ਹਾ ਮਨਾਉਣ ਦੀ ਰਵਾਇਤ ਮੈਸੋਪਟਾਮੀਆ ਵਿੱਚ 2000 ਈਸਾ ਪੂਰਵ ਵਿੱਚ ਹੋਈ ਰੋਮਨਾਂ ਨੇ ਦਰਵਾਜ਼ੇ ਦੇ ਦੇਵਤਾ ਜੈਨੂਅਸ ਦੇ ਨਾਂਅ ਉੱਪਰ ਸਾਲ ਦੇ ਪਹਿਲੇ ਮਹੀਨੇ ਜਨਵਰੀ (ਜੈਨੂਅਰੀ) ਦਾ ਨਾਂਅ ਰੱਖਿਆ ਇਸ ਤੋਂ ਬਾਅਦ 46 ਈਸਾ ਪੂਰਵ ਵਿੱਚ ਰੋਮਨ ਸ਼ਾਸਕ ਜੂਲੀਅਸ ਸੀਜਰ ਨੇ ਇੱਕ ਜਨਵਰੀ ਨੂੰ ਨਵਾਂ ਵਰ੍ਹਾ ਐਲਾਨ ਕੀਤਾ ਇੰਗਲੈਂਡ ਦੇ ਨਾਲ ਬਾਕੀ ਯੂਰਪੀ ਦੇਸ਼ਾਂ ਨੇ ਵੀ ਇੱਕ ਜਨਵਰੀ ਨੂੰ ਨਵਾਂ ਵਰ੍ਹਾ ਮੰਨ ਲਿਆ ਇੰਗਲੈਂਡ ਵਿੱਚ 1752 ਈਸਵੀ ਨੂੰ ਗਰਿਗੋਰੀਅਨ ਕੈਲੰਡਰ ਨੂੰ ਅਪਣਾਇਆ ਤੇ ਇੱਕ ਜਨਵਰੀ ਨੂੰ ਨਵੇਂ ਸਾਲ ਵਜੋਂ ਮਾਨਤਾ ਦਿੱਤੀ ਈਸਾਈ ਧਰਮ ਵਿੱਚ ਇੱਕ ਜਨਵਰੀ ਦਾ ਮਹੱਤਵ ਧਾਰਮਿਕ ਕਾਰਨ ਕਰਕੇ ਵੀ ਹੈ ਕਿਉਂਕਿ 25 ਦਸੰਬਰ ਨੂੰ ਜੀਸਸ ਦਾ ਜਨਮ ਹੋਇਆ ਸੀ ਤੇ ਇੱਕ ਜਨਵਰੀ ਨੂੰ ਉਹ ਅੱਠ ਦਿਨਾਂ ਦੇ ਹੋਏ ਸਨ ਸੰਨ 1990 ਤੋਂ ਇਹ ਪਰੰਪਰਾ ਸ਼ੁਰੂ ਹੋ ਗਈ ਕਿ 31 ਦਸੰਬਰ ਦੀ ਰਾਤ ਨੂੰ ਨਵੇਂ ਵਰ੍ਹੇ ਨੂੰ 'ਜੀ ਆਇਆਂ ' ਕਿਹਾ ਜਾਣ ਲੱਗਾ ਹੁਣ ਸੰਸਾਰ ਦੇ ਹਰ ਕੋਨੇ ਵਿੱਚ 31 ਦਸੰਬਰ ਦੀ ਰਾਤ ਨਵੇਂ ਸਾਲ ਦੇ ਆਗਾਜ਼ ਦੀ ਖ਼ੁਸ਼ੀ 'ਚ ਬਿਤਾਈ ਜਾਂਦੀ ਹੈ । ਇਸ ਵਾਰ ਸਾਲ 2025 ਤੋਂ ਅਸੀਂ ਇਹ ਹੀ ਆਸ ਕਰਦੇ ਹਾਂ ਕਿ ਇਹ ਨਵਾਂ ਸਾਲ ਸਾਡੇ ਸਾਰਿਆਂ ਲਈ ਬਹੁਤ ਜ਼ਿਆਦਾ ਖ਼ੁਸ਼ੀਆਂ ਖੇੜਿਆਂ ਨਾਲ ਭਰਪੂਰ ਹੋਵੇ, ਸਿਹਤ ਪੱਖੋਂ ਹਰੇਕ ਲਈ ਤੰਦਰੁਸਤੀ ਭਰਿਆ ਹੋਵੇ, ਵਿਕਾਸ ਪੱਖੋਂ ਹਰੇਕ ਵਰਗ ਨੂੰ ਅੱਗੇ ਲੈ ਕੇ ਜਾਣ ਵਾਲ਼ਾ ਹੋਵੇ, ਸਮਾਜ ਦਾ ਹਰੇਕ ਵਿਅਕਤੀ ਤਰੱਕੀ ਕਰੇ ,ਸਭ ਦੀਆਂ ਆਸਾਂ ਨੂੰ ਪੂਰਾ ਕਰਨ ਵਾਲਾ ਹੋਵੇ।ਹਰੇਕ ਵਰਗ ਦੇ ਲੋਕਾਂ ਨੂੰ ਵਧੀਆ ਸਿੱਖਿਆ ਮਿਲੇ ਅਤੇ ਹਰੇਕ ਬੇਰੁਜ਼ਗਾਰ ਨੂੰ ਰੁਜ਼ਗਾਰ ਮਿਲੇ ਤਾਂ ਜੋਂ ਹਰੇਕ ਵਿਅਕਤੀ ਆਪਣਾ ਅਤੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਵਧੀਆ ਢੰਗ ਨਾਲ ਕਰ ਸਕੇ। ਹਰੇਕ ਵਿਦਿਆਰਥੀ ਵਧੀਆ ਪੜ੍ਹਾਈ ਕਰੇ ਤਾਂ ਜੋਂ ਸਮਾਜ ਨੂੰ ਅੱਗੇ ਤਰੱਕੀ ਦੇ ਰਾਹ ਤੇ ਲੈ ਜਾ ਸਕੇ। ਸਾਨੂੰ ਪੜ੍ਹਾਈ ਸਿਰਫ ਨੌਕਰੀ ਲੱਗਣ ਲਈ ਜ਼ਰੂਰੀ ਨਹੀਂ ਹੈ ਸਗੋਂ ਪੜ੍ਹਾਈ ਸਾਨੂੰ ਸਮਾਜ ਵਿੱਚ ਵਿਚਰਨ ਅਤੇ ਆਪਣਾ ਕਾਰੋਬਾਰ ਕਰਨ ਲਈ ਵੀ ਬਹੁਤ ਜਰੂਰੀ ਹੈ।ਜਿਸ ਵਿਦਿਆਰਥੀ ਨੂੰ ਨੌਕਰੀ ਮਿਲ ਜਾਂਦੀ ਹੈ ਉਸ ਲਈ ਤਾਂ ਬਹੁਤ ਵਧੀਆ ਹੈ ਪਰ ਜਿਸ ਨੂੰ ਜਿੰਨਾਂ ਟਾਇਮ ਨੌਕਰੀ ਨਹੀਂ ਮਿਲਦੀ ਉਸ ਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਅਤੇ ਆਪਣੀ ਪੂੰਜੀ ਦੇ ਹਿਸਾਬ ਨਾਲ ਕੋਈ ਨਾ ਕੋਈ ਕੰਮ ਕਾਰ ਸ਼ੁਰੂ ਕਰ ਲੈਣਾ ਚਾਹੀਦਾ ਹੈ । ਸੋ ਪ੍ਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਸਾਲ 2025 ਵਿੱਚ ਹਰੇਕ ਨੌਜਵਾਨ ਨੂੰ ਰੁਜ਼ਗਾਰ ਮਿਲੇ ਅਤੇ ਹਰੇਕ ਵਿਅਕਤੀ ਦੇ ਘਰ ਖ਼ੁਸ਼ੀਆਂ ਖੇੜੇ ਹੋਣ।